# ਝਗੜਾ ਹੱਲ

**ਵਾਸ਼ਿੰਗਟਨ ਸਟੇਟ ਵਿੱਚ** , ਹਰ ਵਿਦਿਆਰਥੀ ਕੋਲ ਬਿਨਾ ਭੇਦਭਾਵ ਦੇ ਪਬਲਿਕ ਸਿੱਖਿਆ ਪਾਉਣ ਦੀ ਬਰਾਬਰ ਪਹੁੰਚ ਹੋਣੀ ਚਾਹੀਦੀ ਹੈ| ਜੇਕਰ ਮਾਪੇ, ਵਿਦਿਆਰਥੀ, ਸਕੂਲ ਸਟਾਫ਼, ਜਾਂ ਸਮਾਜਿਕ ਮੈਂਬਰ ਵਿਸ਼ਵਾਸ਼ ਕਰਦੇ ਹਨ ਕਿ ਵਿਦਿਆਰਥੀ ਭੇਦਭਾਵ ਜਾਂ ਭੇਦਭਾਵ ਵਾਲੀ ਪਰੇਸ਼ਾਨੀ ਤੋਂ ਗੁਜ਼ਰ ਰਿਹਾ ਹੈ, ਤਾਂ ਕੁੱਝ ਕਾਰਵਾਈਆਂ ਹਨ ਜੋ ਉਹ ਕਰ ਸਕਦੇ ਹਨ ਇਨ੍ਹਾਂ ਚਿੰਤਾਵਾਂ ਅਤੇ ਦੂਰ ਕਰਨ ਦਾ ਹੱਲ ਕਰਨ ਲਈ ਵਤੀਰਾ ਜਾਂ ਹਾਲਤ ਜੋ ਸਮੱਸਿਆ ਦੀ ਅਗਵਾਈ ਕਰਦੇ ਹਨ |

**ਭੇਦਭਾਵ** ਇੱਕ ਵਿਅਕਤੀ ਦੀ ਨਾਜਾਇਜ਼ ਜਾਂ ਨਾ-ਬਰਾਬਰੀ ਸਲੂਕ ਜਾਂ ਪਰੇਸ਼ਾਨੀ ਹੁੰਦੀ ਹੈ ਕਿਉਂਕਿ ਉਹ ਇੱਕ ਨਿਰਧਾਰਿਤ ਸਮੂਹ ਦਾ ਭਾਗ ਹੁੰਦਾ ਹੈ, ਜਿਸਨੂੰ ਕਾਨੂੰਨ ਦੁਆਰਾ **ਰੱਖਿਆ ਜਮਾਤ** ਦੇ ਰੂਪ ਵਿੱਚ ਨਿਰਧਾਰਿਤ ਕੀਤਾ ਗਿਆ ਹੈ| ਇੱਕ ਰੱਖਿਅਕ ਜਮਾਤ ਲੋਕਾਂ ਦਾ ਸਮੂਹ ਹੁੰਦਾ ਹੈ ਜੋ ਸਾਂਝੀਆਂ ਵਿਸ਼ੇਸ਼ਤਾਵਾਂ ਨੂੰ ਸਾਂਝਾ ਕਰਦੇ ਹਨ ਅਤੇ ਫੈਡਰਲ ਅਤੇ ਰਾਜ ਕਾਨੂੰਨ ਦੇ ਤਹਿਤ ਭੇਦਭਾਵ ਅਤੇ ਪਰੇਸ਼ਾਨੀ ਤੋਂ ਰੱਖਿਅਕ ਕੀਤੇ ਹੁੰਦੇ ਹਨ |

ਇਹ ਸਮੂਹ Washington state law ਦੇ ਤਹਿਤ ਰੱਖਿਆ ਜਮਾਤ ਹਨ :[1]

| | |
|---|---|
| ਨਸਲ ਅਤੇ ਰੰਗ | ਯੌਨ ਨਿਰਧਾਰਨ |
| ਰਾਸ਼ਟਰੀ ਜੜ੍ਹ | ਲਿੰਗ ਲਹਿਜ਼ਾ |
| ਧਰਮ ਅਤੇ ਮਜ਼ਹਬ | ਲਿੰਗ ਪਛਾਣ |
| ਲਿੰਗ | ਵੈਟਰਨ ਜਾਂ ਮਿਲਟਰੀ ਸਥਿਤ |
| ਅਪਾਹਜਤਾ | ਸਿਖਿਲਾਈ ਦਿੱਤੇ ਕੁੱਤੇ ਜਾਂ ਸੇਵਾ ਜਾਨਵਰ ਦੀ ਵਰਤੋਂ |

**ਭੇਦਭਾਵ ਪਰੇਸ਼ਾਨੀ** ਰੱਖਿਅਕ ਜਮਾਤ ਦੇ ਅਧਾਰ 'ਤੇ ਪਰੇਸ਼ਾਨੀ ਹੁੰਦੀ ਹੈ| ਇਹ ਬਹੁਤ ਸਾਰੇ ਰੂਪ ਲੈ ਸਕਦੀ ਹੈ| ਧਮਕੀਆਂ, ਨਾਮ ਨਾਲ ਬੁਲਾਉਣਾ, ਅਪਮਾਨਜਨਕ ਮਜ਼ਾਕ, ਭੌਤਿਕ ਹਮਲਾ, ਜਾਂ ਹੋ ਅਮਲ ਜੋ ਭੌਤਿਕ ਧਮਕੀਆਂ, ਨੁਕਸਾਨ, ਜਾਂ ਜਲੀਲ ਕਰਨਾ ਹੋਵੇ ਭੇਦਭਾਵ ਪਰੇਸ਼ਾਨੀ ਦੀਆਂ ਕੁੱਝ ਉਦਾਹਰਣਾਂ ਹੋ ਸਕਦੀ ਹਨ |

**OSPI ਵਿਖੇ ਇਕੁਇਟੀ ਅਤੇ ਸੀਵਿਲ ਅਧਿਕਾਰ ਦਫ਼ਤਰ** ਸੀਵਿਲ ਅਧਿਕਾਰ ਕਾਨੂੰਨ ਦੇ ਤਹਿਤ ਅਧਿਕਾਰ ਅਤੇ ਜਿੰਮੇਵਾਰੀਆਂ ਬਾਰੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਅਤੇ ਇਸ ਬਾਰੇ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਭੇਦਭਾਵ ਬਾਰੇ ਚਿੰਤਾਵਾਂ ਨੂੰ ਹੱਲ ਕਰਨ ਲਈ ਕੀ ਕਰ ਸਕਦੇ ਹੋ| ਜਾਗਰੂਕ ਰਹੋ ਕਿ ਅਸੀਂ ਕਿਸੇ ਵੱਲੋਂ ਵੀ ਕਾਨੂੰਨੀ ਸਲਾਹ ਨਹੀਂ ਦਿੰਦੇ|

360-725-6162 | TTY 360-664-3631 | equity@k12.wa.us

## ਆਪਣੇ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਨਾਲ ਗੱਲ ਕਰੋ| ਮਾਮਲੇ ਨੂੰ ਹੱਲ ਕਨਰ ਦੀ ਕੋਸ਼ਿਸ਼ ਕਰੋ|

ਭੇਦਭਾਵ ਬਾਰੇ ਤੁਹਾਡੇ ਸਰੋਕਾਰਾਂ ਜਾਂ ਅਸਹਿਮਤੀਆਂ ਸਬੰਧੀ ਤੁਹਾਡੇ ਸਕੂਲ ਦੇ ਪ੍ਰਿੰਸੀਪਲ, ਜਾਂ ਸਕੂਲ ਜਿਲ੍ਹਾ ਵਿਖੇ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਨਾਲ ਚਰਚਾ ਕਰਨਾ ਅਤੇ ਹੱਲ ਕਰਨ ਲਈ ਕੰਮ ਕਰਨਾ ਅਕਸਰ ਪਹਿਲਾ ਵਧੀਆ ਕਦਮ ਹੁੰਦਾ ਹੈ| ਸਟਾਫ਼ ਮੈਂਬਰਾਂ ਨੂੰ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਵਿਦਿਆਰਥੀ ਕੋਲ ਸਕੂਲ ਦੁਆਰਾ ਪੇਸ਼ ਕੀਤੇ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਬਰਾਬਰ ਪਹੁੰਚ ਹੈ|

[1] ਅਧਿਆਏ 28A.642 RCW, http://app.leg.wa.gov/rcw/default.aspx?cite=28A.642| ਅਧਿਆਏ 28A.640 RCW, http://apps.leg.wa.gov/rcw/default.aspx?cite=28A.640| ਅਧਿਆਏ 49.60 RCW, http://app.leg.wa.gov/rcw/default.aspx?cite=49.60|

# ਝਗੜਾ ਹੱਲ

ਇਹ **ਸੂਚਨਾ ਪਹਿਲਾ ਕਦਮ** ਤੁਹਾਡੇ ਮਾਮਲੇ ਨੂੰ ਸਕੂਲੀ ਅਫਸਰਾਂ ਦੇ ਧਿਆਨ ਵਿੱਚ ਲਿਆਵੇਗਾ ਅਤੇ ਅਭਿਆਸੀ ਅਤੇ ਲਾਭਕਾਰੀ ਹੱਲ ਜਲਦੀ ਕੱਢਣ ਦੀ ਅਗਵਾਈ ਵੀ ਕਰ ਸਕਦਾ ਹੈ|

- ਭੇਦਭਾਵ ਅਤੇ ਪਰੇਸ਼ਾਨ ਕਰਨ ਸੰਬੰਧੀ **ਤੱਥਾਂ 'ਤੇ ਧਿਆਨ ਦੇਣਾ**, ਜਿਵੇਂ ਤੁਸੀਂ ਸਮਝਦੇ ਹੋ, ਅਤੇ
- ਆਓ ਪ੍ਰਿੰਸੀਪਲ ਅਤੇ ਕੋਆਰਡੀਨੇਟਰ ਨੂੰ ਦੱਸੀਏ ਕਿ **ਤੁਸੀਂ ਸਮੱਸਿਆ ਦਾ ਹੱਲ ਕਰਨ ਲਈ ਉਨ੍ਹਾਂ ਤੋਂ ਕੀ ਚਾਹੁੰਦੇ ਹੋ**

**ਸੀਵਿਲ ਅਧਿਕਾਰ ਕੋਆਰਡੀਨੇਟਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ**

ਅਸੀਂ ਸਥਾਨਕ ਪੱਧਰ 'ਤੇ ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ ਬਾਰੇ ਅਸਹਿਮਤੀਆਂ ਅਤੇ ਸਰੋਕਾਰਾਂ ਨੂੰ ਹੱਲ ਕਰਨ ਲਈ ਪਰਿਵਾਰਾਂ ਅਤੇ ਜਿਲ੍ਹੇ ਅਤੇ ਸਕੂਲ ਸਟਾਫ਼ ਨੂੰ ਮਿਲਕੇ ਕੰਮ ਕਰਨ ਲਈ ਉਤਸਾਹਿਤ ਕਰਦੇ ਹਾਂ|

ਆਪਣੇ ਜਿਲ੍ਹੇ ਦੇ **ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ** ਨਾਲ ਸੰਪਰਕ ਵਿੱਚ ਰਹੋ| OSPI ਦੇ ਇਕੁਇਟੀ ਅਤੇ ਸੀਵਿਲ ਅਧਿਕਾਰ ਵੈੱਬਸਾਈਟ, www.k12.wa.us/Equity/ContactList.aspx 'ਤੇ ਸੰਪਰਕ ਸੂਚੀ ਲੱਭੋ|

## ਰੱਖਿਆ ਜਮਾਤ 'ਤੇ ਅਧਾਰਿਤ ਭੇਦਭਾਵ ਦੀ ਸ਼ਿਕਾਇਤ ਦਰਜ਼ ਕਰੋ[2]

ਕੋਈ ਵੀ ਵਿਅਕਤੀ ਇੱਕ ਰਸਮੀ ਸ਼ਿਕਾਇਤ ਦਰਜ਼ ਕਰਵਾ ਸਕਦਾ ਹੈ ਜੋ ਰੱਖਿਆ ਜਮਾਤ ਦੇ ਅਧਾਰ 'ਤੇ ਵਾਸ਼ਿੰਗਟਨ ਪਬਲਿਕ ਸਕੂਲ ਵਿੱਚ ਭੇਦਭਾਵ ਦਾ ਦੋਸ਼ ਲਗਾਉਂਦਾ ਹੈ| *ਕੋਈ* ਵੀ ਵਿਅਕਤੀ ਵਿੱਚ ਸ਼ਾਮਿਲ ਹੋ ਸਕਦੇ ਹਨ ਮਾਪੇ, ਵਿਦਿਆਰਥੀ, ਅਧਿਆਪਕ, ਪ੍ਰਬੰਧਕ, ਅਤੇ ਵਕੀਲ|

> ਮਹੱਤਵਪੂਰਨ! ਖਾਸ ਸਿਖਿਆ, ਫੈਡਰਲ ਸਿਖਿਆ ਪ੍ਰੋਗਰਾਮ, ਜਾਂ ਸਰਟੀਫਿਕੇਟ ਵਾਲੇ ਅਧਿਆਪਕ ਜਾਂ ਸਿਖਿਅਕ ਦੁਆਰਾ ਗੈਰ ਪੇਸ਼ੇਵਰ ਵਤੀਰੇ ਸੰਬੰਧੀ ਸ਼ਿਕਾਇਤ ਲਈ ਇੱਕ ਅਨੋਖੀ ਕਾਰਵਾਈ ਅਪਣਾਈ ਜਾਂਦੀ ਹੈ| ਇਨ੍ਹਾਂ ਸ਼ਿਕਾਇਤ ਵਿਕਲਪਾਂ ਬਾਰੇ ਜਾਣਕਾਰੀ ਲਈ ਪੰਨਾ 5 ਦੇਖੋ|

ਅਸੀਂ ਸ਼ਿਕਾਇਤ ਵਿਧੀ ਨੂੰ ਨਜ਼ਦੀਕੀ ਪਾਲਣਾ ਕਰਨ ਲਈ ਤੁਹਾਨੂੰ ਉਤਸਾਹਿਤ ਕਰਦੇ ਹਾਂ| ਜੇਕਰ ਤੁਹਾਡੇ ਕੋਲ ਕੋਈ ਸਵਾਲ ਹੈ, ਤਾਂ ਸਿੱਧਾ ਆਪਣੇ ਜਿਲ੍ਹਾ ਜਾਂ ਚਾਰਟਰ ਸਕੂਲ ਕੋਲ ਜਾਓ ਅਤੇ ਅੱਗੇ ਵਧਣ ਲਈ ਤੁਹਾਨੂੰ ਲੋੜੀਂਦੀ ਜਾਣਕਾਰੀ ਲਈ ਪੁੱਛੋ|

### ਚਰਨ 1| ਆਪਣੀ ਸ਼ਿਕਾਇਤ ਲਿਖੋ

1. ਵਤੀਰੇ ਜਾਂ ਵਾਰਦਾਤ ਦਾ ਵਰਣਨ ਕਰੋ| ਤੱਥਾਂ ਦੀ ਵਰਤੋਂ ਕਰੋ: ਕੀ, ਕੌਣ, ਅਤੇ ਕਦੋਂ|
2. ਵਿਆਖਿਆ ਕਰੋ ਤੁਹਾਨੂੰ ਕਿਉਂ ਲੱਗਦਾ ਹੈ ਕਿ ਭੇਦਭਾਵ ਹੋਇਆ ਹੈ|
3. ਵਰਣਨ ਕਰੋ ਕਿਸ ਕਾਰਵਾਈ ਦਾ ਤੁਹਾਨੂੰ ਭਰੋਸਾ ਹੈ ਜੋ ਜਿਲ੍ਹਾ ਜਾਂ ਚਾਰਟਰ ਸਕੂਲ ਨੂੰ ਸਮੱਸਿਆ ਹੱਲ ਕਰਨ ਲਈ ਕਰਨੀ ਚਾਹੀਦੀ ਹੈ|

**ਆਪਣੀ ਲਿਖਤੀ ਸ਼ਿਕਾਇਤ ਭੇਜੋ**—ਪੱਤਰ, ਫੈਕਸ, ਈਮੇਲ, ਜਾਂ ਖੁਦ ਪਹੁੰਚਾ ਕੇ ਸ਼੍ਰੀਮਾਨਜਿਲ੍ਹਾ ਸੁਪ੍ਰਿੰਟੈਂਡੈਂਟ, ਚਾਰਟਰ ਸਕੂਲ ਪ੍ਰਬੰਧਕ, ਜਾਂ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਨੂੰ| OSPI ਸਾਰੇ ਸਟੇਟ ਸਕੂਲ ਜਿਲ੍ਹਿਆਂ ਲਈ ਵੈੱਬਸਾਈਟ ਦੀ ਸੂਚੀ ਦਾ ਪ੍ਰਬੰਧਨ ਕਰਦਾ ਹੈ| ਸੰਪਰਕ ਜਾਣਕਾਰੀ ਇਨ੍ਹਾਂ ਵੈੱਬਸਾਈਟਾਂ http://www.k12.wa.us/Maps/SDmainmap.aspx 'ਤੇ ਹੋਣੀ ਚਾਹੀਦੀ ਹੈ|

[2] WAC 392-190-065, http://apps.leg.wa.gov/wac/default.aspx?cite=392-190-065|

# ਝਗੜਾ ਹੱਲ

**ਸ਼ਿਕਾਇਤ ਦਰਜ਼ ਕਰਨ ਦੀ ਮਿਆਦ**

ਸਕੂਲ ਜਿਲ੍ਹਾ ਅਤੇ ਚਾਰਟਰ ਸਕੂਲਾਂ ਨੂੰ ਸ਼ਿਕਾਇਤ ਲਈ ਦਰਜ਼ ਕਰਨ ਦੀ ਮਿਆਦ ਅਪਣਾਉਣ ਲਈ ਆਗਿਆ ਹੁੰਦੀ ਹੈ| ਇਹ ਮਿਆਦ ਵਾਰਦਾਤ ਜਾਂ ਵਤੀਰਾ-ਸ਼ਿਕਾਇਤ ਦਾ ਵਿਸ਼ਾ- ਹੋਣ ਤੋਂ **ਘੱਟੋ-ਘੱਟ ਇੱਕ ਸਾਲ** ਦੀ ਹੋਣੀ ਚਾਹੀਦੀ ਹੈ| ਦੇਖੋ ਜੇਕਰ ਤੁਹਾਡਾ ਜਿਲ੍ਹਾ ਜਾਂ ਚਾਰਟਰ ਸਕੂਲ ਭੇਦਭਾਵ ਸੰਬੰਧੀ ਸ਼ਿਕਾਇਤ ਦਰਜ਼ ਕਰਨ ਲਈ ਮਿਆਦ ਲਗਾਉਂਦਾ ਹੈ|

## ਚਰਨ 2. ਸਕੂਲ ਜਿਲ੍ਹਾ ਜਾਂ ਚਾਰਟਰ ਸਕੂਲ ਤੁਹਾਡੀ ਸ਼ਿਕਾਇਤ ਦੀ ਜਾਂਚ ਕਰਦੇ ਹਨ

ਤੁਹਾਡਾ ਸੀਵਿਲ ਅਧਿਕਾਰ ਕੋਆਰਡੀਨੇਟਰ ਤੁਹਾਡੀ ਲਿਖਤੀ ਸ਼ਿਕਾਇਤ ਪ੍ਰਾਪਤ □□□ 'ਤੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ| ਕੋਆਰਡੀਨੇਟਰ ਨੂੰ ਕਰਨਾ ਚਾਹੀਦਾ ਹੈ:

- ਭੇਦਭਾਵ ਸ਼ਿਕਾਇਤਾਂ ਲਈ ਪਾਲਣਾ ਕਰਨ ਲਈ ਵਿਧੀ ਦੀ ਇੱਕ ਕਾਪੀ ਤੁਹਾਨੂੰ ਦੇਣੀ
- ਸੁਨਿਸ਼ਚਿਤ ਕਰਨਾ ਕਿ ਤੁਰੰਤ ਅਤੇ ਡੂੰਘੀ ਜਾਂਚ ਕੀਤੀ ਜਾ ਰਹੀ ਹੈ

ਮਹੱਤਵਪੂਰਨ! ਇਸ ਸਮੇਂ, ਤੁਸੀਂ ਜਾਂਚ ਦੀ ਕਾਰਵਾਈ ਦੀ ਬਜਾਏ ਤੁਰੰਤ ਆਪਣੀ ਸ਼ਿਕਾਇਤ ਨੂੰ ਹੱਲ ਕਰਨ ਦਾ ਫੈਸਲਾ ਕਰ ਸਕਦੇ ਹੋ|

**30 ਕਲੰਡਰ ਦਿਨ ਅਤੇ ਵਧੀ ਹੋਈ ਮਿਆਦ**

ਜਦੋਂ ਇੱਕ ਵਾਰ ਤੁਹਾਡਾ ਜਿਲ੍ਹਾ ਜਾਂ ਚਾਰਟਰ ਸਕੂਲ ਤੁਹਾਡੀ ਲਿਖਤੀ ਸ਼ਿਕਾਇਤ ਪ੍ਰਾਪਤ ਕਰਦਾ ਹੈ, ਸੁਪ੍ਰਿਨਟੈਂਡੈਂਟ ਜਾਂ ਪ੍ਰਬੰਧਕ ਨੂੰ **30 ਕਲੰਡਰ ਦਿਨਾਂ** ਅੰਦਰ ਤੁਹਾਨੂੰ ਲਿਖਤੀ ਜਵਾਬ ਦੇਣਾ ਚਾਹੀਦਾ ਹੈ—ਜਦ ਤੱਕ ਤੁਸੀਂ ਵੱਖਰੀ ਸਮੇਂ ਮਿਆਦ 'ਤੇ ਸਹਿਮਤ ਨਹੀਂ ਹੁੰਦੇ|

ਜੇਕਰ ਤੁਹਾਡੀ ਸ਼ਿਕਾਇਤ ਵਿੱਚ ਸ਼ਾਮਿਲ ਹਨ **ਗੈਰ-ਮਾਮੂਲੀ ਸਥਿਤੀਆਂ** ਜੋ ਲੰਬੀ ਜਾਂਚ ਦੀ ਮੰਗ ਕਰਦੀਆਂ ਹਨ, ਜਿਲ੍ਹਾ ਜਾਂ ਚਾਰਟਰ ਸਕੂਲ ਨੂੰ ਲਿਖਤੀ ਸੂਚਿਤ ਕਰਨਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ**(1)** ਕਿਉਂ ਸਟਾਫ਼ ਨੂੰ ਇਹ ਸਮਾਂ ਵਾਧੇ ਦੀ ਲੋੜ ਹੈ ਅਤੇ **(2)** ਉਨ੍ਹਾਂ ਦੇ ਲਿਖਤੀ ਜਵਾਬ ਲਈ ਨਵੀਂ ਮਿਤੀ ਦੀ ਲੋੜ ਹੈ|

## ਚਰਨ 3| ਸਕੂਲ ਜਿਲ੍ਹਾ ਜਾਂ ਚਾਰਟਰ ਸਕੂਲ ਤੁਹਾਡੀ ਸ਼ਿਕਾਇਤ ਦਾ ਜਵਾਬ ਦਿੰਦੇ ਹਨ

ਆਪਣੇ ਲਿਖਤੀ ਜਵਾਬ ਵਿੱਚ, ਜਿਲ੍ਹਾ ਅਤੇ ਚਾਰਟਰ ਸਕੂਲ ਨੂੰ ਇਹ ਜਾਣਕਾਰੀ ਸ਼ਾਮਿਲ ਕਰਨੀ ਚਾਹੀਦੀ ਹੈ:

- ਜਾਂਚ ਦੇ ਨਤੀਜੇ ਦਾ ਸਾਰ
- ਨਿਰਧਾਰਨ ਜੋ ਸਪਸ਼ਟ ਰੂਪ ਵਿੱਚ ਦੱਸੇ ਕਿ ਕੀ ਜਿਲ੍ਹਾ ਜਾਂ ਚਾਰਟਰ ਸਕੂਲ ਸੀਵਿਲ ਅਧਿਕਾਰ ਕਾਨੂੰਨ ਦੀ ਪਾਲਣਾ ਕਰਨ ਵਿੱਚ ਅਸਫਲ ਹੋਏ
- ਸੂਚਨਾ ਜੋ ਤੁਸੀਂ ਇਸ ਨਿਰਧਾਰਨ ਦੀ ਅਪੀਲ ਕਰ ਸਕਦੇ ਹੋ; ਇੱਕ ਰਸਮੀ ਅਪੀਲ ਕਿਵੇਂ ਅਤੇ ਕਿੱਥੇ ਕਰਨੀ ਹੈ, ਅਤੇ ਕਿਸਨੂੰ ਕਰਨੀ ਹੈ
- ਕੋਈ ਵੀ ਪੈਮਾਨਾ, ਜਾਂਚ ਦੁਆਰਾ ਨਿਰਧਾਰਿਤ, ਜੋ ਸੀਵਿਲ ਅਧਿਕਾਰ ਕਾਨੂੰਨ ਅਨੁਸਾਰ ਸ਼ਿਕਾਇਤ ਵਿੱਚ ਜਿਲ੍ਹਾ ਜਾਂ ਚਾਰਟਰ ਸਕੂਲ ਲਿਆਉਣ ਦੀ ਲੋੜ ਹੈ

ਇਸ ਲਿਖਤੀ ਜਵਾਬ ਦੇ **30 ਕਲੰਡਰ ਦਿਨਾਂ** ਅੰਦਰ ਕੋਈ ਵੀ ਸਹੀ ਪੈਮਾਨਾ—ਜਦ ਤੱਕ ਤੁਸੀਂ ਵੱਖਰੀ ਸਮੇਂ ਮਿਆਦ 'ਤੇ ਸਹਿਮਤ ਨਹੀਂ ਹੁੰਦੇ|

# ਝਗੜਾ ਹੱਲ

## ਵਿਚੋਲਗੀ

**ਵਿਚੋਲਗੀ** ਇੱਕ ਵਿਕਲਪ ਹੈ ਜਿਸ ਬਾਰੇ ਤੁਸੀਂ ਸੋਚ ਸਕਦੇ ਹੋ| ਸਟੇਟ ਕਾਨੂੰਨ ਦੇ ਤਹਿਤ, ਸਕੂਲ ਜਿਲ੍ਹੇ ਅਤੇ ਚਾਰਟਰ ਸਕੂਲ ਪੇਸ਼ ਕਰ ਸਕਦੇ □□ – ਆਪਣੇ ਖਰਚੇ 'ਤੇ –ਨਿਰਪੱਖ ਵਿਚੋਲੇ ਰਾਹੀਂ ਸ਼ਿਕਾਇਤ ਨੂੰ ਹੱਲ ਕਰਨ ਦਾ ਵਿਕਲਪ|[3]

ਵਿਚੋਲਗੀ ਮਾਪਿਆਂ ਅਤੇ ਨਿਗਰਾਨ ਦੇ ਹਿੱਸੇ 'ਤੇ ਸਵੈ-ਇਛਕ ਹੋਣੀ ਚਾਹੀਦੀ ਹੈ| ਜੇਕਰ ਤੁਸੀਂ ਵਿਚੋਲੇ ਦੀ ਵਰਤੋਂ ਕਰਨ ਦਾ ਫੈਸਲਾ ਕਰਦੇ ਹੋ, ਤਾਂ 30-ਕਲੰਡਰ ਦਿਨ ਸਮਾਂ ਮਿਆਦ ਨੂੰ ਵਧਾਉਣ ਦੀ ਸੰਭਾਵਨਾ ਹੁੰਦੀ ਹੈ ਜਿਸ ਦੌਰਾਨ ਜਿਲ੍ਹਾ ਜਾਂ ਚਾਰਟਰ ਸਕੂਲ ਨੂੰ ਤੁਹਾਡੀ ਸ਼ਿਕਾਇਤ ਲਈ ਪ੍ਰਤੀਕਿਰਿਆ ਕਰਨੀ ਲਾਜ਼ਮੀ ਹੁੰਦੀ ਹੈ|

> ਮਹੱਤਵਪੂਰਨ! ਜਾਗਰੂਕ ਰਹੋ ਕਿ OSPI ਵਿਚੋਲਗੀ ਦੁਆਰਾ ਪਹੁੰਚੇ ਸਮਝੌਤੇ ਨੂੰ ਮਨਜ਼ੂਰ ਨਹੀਂ ਕਰਦਾ, ਸਮਰਥਨ ਨਹੀਂ ਕਰਦਾ ਜਾਂ ਲਾਗੂ ਨਹੀਂ ਕਰਦਾ|

## ਤੁਹਾਡੀ ਭੇਦਭਾਵ ਸ਼ਿਕਾਇਤ ਦੇ ਨਿਰਧਾਰਨ ਦੀ ਅਪੀਲ[4]

ਸਕੂਲ ਜਿਲ੍ਹਾ ਅਤੇ ਚਾਰਟਰ ਸਕੂਲਾਂ ਨੂੰ ਅਪੀਲ ਕਰਨ ਲਈ ਵਿਕਲਪ ਅਨੁਸਾਰ ਸ਼ਿਕਾਇਤ ਕਾਰਵਾਈ ਕਰਨੀ ਚਾਹੀਦੀ ਹੈ| ਅਪੀਲ ਇੱਕ ਅਧਿਕਾਰੀ ਲਈ ਬਣਾਈ ਹੋਣੀ ਚਾਹੀਦੀ ਹੈ ਨਾ ਕਿ ਸ਼ਿਕਾਇਤ ਵਿੱਚ ਬੋਰਡ ਸ਼ਾਮਿਲ ਹੋਣਾ ਚਾਹੀਦਾ ਹੈ|

ਜੇਕਰ ਤੁਸੀਂ ਨਿਰਧਾਰਨ ਨਾਲ ਸਹਿਮਤ ਨਹੀਂ ਹੋ ਜੋ ਤੁਹਾਡੀ ਸ਼ਿਕਾਇਤ ਜਿਲ੍ਹੇ ਦੇ ਜਾਂ ਚਾਰਟਰ ਸਕੂਲ ਦੀ ਜਾਂਚ ਦੀ ਪਾਲਣਾ ਕਰਦੀ ਹੈ, ਤਾਂ ਤੁਸੀਂ ਇੱਕ **ਰਸਮੀ ਅਪੀਲ ਦਰਜ** ਕਰ ਸਕਦੇ ਹੋ| ਅਸੀਂ ਅਪੀਲ ਵਿਧੀ ਨੂੰ ਨਜਦੀਕੀ ਪਾਲਣਾ ਕਰਨ ਲਈ ਤੁਹਾਨੂੰ ਉਤਸਾਹਿਤ ਕਰਦੇ ਹਾਂ| ਜੇਕਰ ਤੁਹਾਡੇ ਕੋਲ ਕੋਈ ਸਵਾਲ ਹੈ, ਤਾਂ ਸਿੱਧਾ ਆਪਣੇ ਜਿਲ੍ਹਾ ਜਾਂ ਚਾਰਟਰ ਸਕੂਲ ਕੋਲ ਜਾਓ ਅਤੇ ਅੱਗੇ ਵਧਣ ਲਈ ਤੁਹਾਨੂੰ ਲੋੜੀਂਦੀ ਜਾਣਕਾਰੀ ਲਈ ਪੁੱਛੋ|

> ਮਹੱਤਵਪੂਰਨ! ਅਪੀਲ ਵਿਧੀ ਬਾਰੇ ਜਾਣਕਾਰੀ ਵਿੱਚ ਇੱਕ ਵਾਰ ਜਿਲ੍ਹਾ ਜਾਂ ਚਾਰਟਰ ਸਕੂਲ ਦੁਆਰਾ ਆਪਣੀ ਜਾਂਚ ਪੂਰੀ ਹੋਣ 'ਤੇ ਲਿਖਤੀ ਜਵਾਬ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ - *ਇੱਕ ਰਸਮੀ ਅਪੀਲ ਕਿਵੇਂ ਅਤੇ ਕਿੱਥੇ ਕਰਨੀ ਹੈ, ਅਤੇ ਕਿਸਨੂੰ ਕਰਨੀ ਚਾਹੀਦੀ ਹੈ|*

### ਅਪੀਲ ਕਰਨ ਦੀ ਮਿਆਦ

ਸਕੂਲ ਜਿਲ੍ਹੇ ਅਤੇ ਚਾਰਟਰ ਸਕੂਲਾਂ ਨੂੰ ਅਪੀਲਾਂ ਦਰਜ਼ ਕਰਨ ਲਈ ਮਿਆਦ ਦੀ ਆਗਿਆ ਹੁੰਦੀ ਹੈ| ਇਹ ਮਿਆਦ ਤੁਹਾਡੀ ਰਸਮੀ ਸ਼ਿਕਾਇਤ ਤੋਂ ਅੱਗੇ ਜਾਂਚ ਲਈ ਲਿਖਤੀ ਜਵਾਬ ਪ੍ਰਾਪਤ ਕਰਨ ਤੋਂ **10 ਕਲੰਡਰ ਦਿਨਾਂ** ਤੋਂ ਘੱਟ ਨਹੀਂ ਹੋਣੀ ਚਾਹੀਦੀ| ਦੇਖੋ ਜੇਕਰ ਤੁਹਾਡਾ ਜਿਲ੍ਹਾ ਜਾਂ ਚਾਰਟਰ ਸਕੂਲ ਭੇਦਭਾਵ ਸੰਬੰਧੀ ਅਪੀਲ ਦਰਜ਼ ਕਰਨ ਲਈ ਮਿਆਦ ਲਗਾਉਂਦਾ ਹੈ|

### ਤੁਹਾਡੀ ਅਪੀਲ ਦਾ ਜਵਾਬ ਦੇਣ ਲਈ 30 ਕਲੰਡਰ ਦਿਨ

ਜਦੋਂ ਇੱਕ ਵਾਰ ਤੁਹਾਡਾ ਜਿਲ੍ਹਾ ਜਾਂ ਚਾਰਟਰ ਸਕੂਲ ਤੁਹਾਡੀ ਲਿਖਤੀ ਸ਼ਿਕਾਇਤ ਪ੍ਰਾਪਤ ਕਰਦਾ ਹੈ, ਸੁਪ੍ਰਿਨਟੈਂਡੈਂਟ ਜਾਂ ਪ੍ਰਬੰਧਕ ਨੂੰ 30 ਕਲੰਡਰ ਦਿਨਾਂ ਅੰਦਰ ਤੁਹਾਨੂੰ ਲਿਖਤੀ ਜਵਾਬ ਦੇਣਾ ਚਾਹੀਦਾ ਹੈ—ਜਦ ਤੱਕ ਤੁਸੀਂ ਵੱਖਰੀ ਸਮੇਂ ਮਿਆਦ 'ਤੇ ਸਹਿਮਤ ਨਹੀਂ ਹੁੰਦੇ|

---

[3] WAC 392-190-0751, http://apps.leg.wa.gov/wac/default.aspx?cite=392-190-0751|
[4] WAC 392-190-070, http://apps.leg.wa.gov/wac/default.aspx?cite=392-190-070|

# ਝਗੜਾ ਹੱਲ

ਮਹੱਤਵਪੂਰਨ! ਅਪੀਲ ਫੈਸਲੇ ਵਿੱਚ OSPI ਕੋਲ ਸ਼ਿਕਾਇਤ ਕਿਵੇਂ ਕਰਨੀ ਹੈ ਸ਼ਾਮਿਲ ਹੋਣਾ ਲਾਜ਼ਮੀ ਹੈ| ਜੇਕਰ ਤੁਸੀਂ ਅਪੀਲ ਫੈਸਲੇ ਨਾਲ ਸਹਿਮਤ ਨਹੀਂ ਹੁੰਦੇ ਹੋ, ਤਾਂ OSPI ਸਟੇਟ ਕਾਨੂੰਨ ਕੋਲ ਰਸਮੀ ਸ਼ਿਕਾਇਤ ਦਰਜ ਕਰਨ ਲਈ ਵਿਕਲਪ ਪ੍ਰਦਾਨ ਕਰਦਾ ਹੈ|

## ਅਪੀਲ ਫੈਸਲੇ 'ਤੇ ਅਧਾਰਿਤ OSPI ਕੋਲ ਸ਼ਿਕਾਇਤ ਦਰਜ ਕਰਵਾਉਣੀ[5]

---

## ਚਰਨ 1| ਆਪਣੀ ਸ਼ਿਕਾਇਤ ਲਿਖੋ ਅਤੇ ਭੇਜੋ

**ਸਟੇਟ-ਪੱਧਰੀ ਸ਼ਿਕਾਇਤ ਸਥਾਨਕ ਸ਼ਿਕਾਇਤ ਅਤੇ ਅਪੀਲ ਵਿਧੀ ਦੀ ਪਾਲਣਾ ਕਰਦੀ ਹੈ**

ਇਹ ਇੱਕ ਵੱਖਰੀ ਸ਼ਿਕਾਇਤ ਵਿਧੀ ਹੁੰਦੀ ਹੈ ਜੋ ਤਦੋਂ ਹੁੰਦੀ ਹੈ ਜਦੋਂ **ਇਨ੍ਹਾਂ ਦੋ ਹਾਲਾਤਾਂ ਵਿੱਚੋਂ ਇੱਕ** ਪੈਦਾ ਹੁੰਦੀ ਹੈ: **(1)** ਤੁਸੀਂ ਰਸਮੀ ਸ਼ਿਕਾਇਤ ਨੂੰ ਅਤੇ ਆਪਣੇ ਸਕੂਲ ਜਿਲ੍ਹੇ ਜਾਂ ਚਾਰਟਰ ਸਕੂਲ ਦੀ ਅਪੀਲ ਵਿਧੀ ਨੂੰ ਮੁਕੰਮਲ ਕਰਦੇ ਹੋ ਜਾਂ **(2)** ਸਕੂਲ ਜਿਲ੍ਹਾ ਹਾਂ ਚਾਰਟਰ ਸਕੂਲ ਸ਼ਿਕਾਇਤ ਅਤੇ ਅਪੀਲ ਵਿਧੀ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕਰਦੇ|

**ਸੁਨਿਸ਼ਚਿਤ ਕਰੋ ਤੁਸੀਂ ਇਹ ਵੇਰਵੇ ਸ਼ਾਮਿਲ ਕਰਦੇ ਹੋ:**

- ਵਤੀਰੇ ਜਾਂ ਵਾਰਦਾਤ ਦਾ ਵਰਣਨ ਕਰੋ| ਤੱਥਾਂ ਦੀ ਵਰਤੋਂ ਕਰੋ: ਕੀ, ਕੌਣ, ਅਤੇ ਕਦੋਂ
- ਵਿਆਖਿਆ ਕਰੋ ਤੁਹਾਨੂੰ ਕਿਉਂ ਲੱਗਦਾ ਹੈ ਕਿ ਭੇਦਭਾਵ ਹੋਇਆ ਹੈ
- ਆਪਣਾ ਨਾਮ ਅਤੇ ਸੰਪਰਕ ਜਾਣਕਾਰੀ ਸ਼ਾਮਿਲ ਕਰੋ – ਪੱਤਰ ਪਾਉਣ ਦੇ ਪਤੇ ਸਹਿਤ
- ਸਕੂਲ ਜਿਲ੍ਹੇ ਜਾਂ ਚਾਰਟਰ ਸਕੂਲ ਦਾ ਨਾਮ ਅਤੇ ਪਤਾ ਸ਼ਾਮਿਲ ਕਰੋ ਜੋ ਤੁਹਾਡੀ ਸ਼ਿਕਾਇਤ ਦਾ ਵਿਸ਼ਾ ਹੈ
- ਜਿਲ੍ਹਾ ਜਾਂ ਚਾਰਟਰ ਸਕੂਲ ਤੋਂ ਸ਼ਿਕਾਇਤ ਨਿਰਧਾਰਨ ਅਤੇ ਅਪੀਲ ਫੈਸਲੇ ਦੀ ਕਾਪੀ ਨੱਥੀ ਕਰੋ
- ਵਰਣਨ ਕਰੋ ਕਿਸ ਕਾਰਵਾਈ ਦਾ ਤੁਹਾਨੂੰ ਭਰੋਸਾ ਹੈ ਜੋ ਜਿਲ੍ਹਾ ਜਾਂ ਚਾਰਟਰ ਸਕੂਲ ਨੂੰ ਸਮੱਸਿਆ ਹੱਲ ਕਰਨ ਲਈ ਕਰਨੀ ਚਾਹੀਦੀ ਹੈ

ਜੇਕਰ ਤੁਹਾਡੀ ਸ਼ਿਕਾਇਤ ਖਾਸ ਵਿਦਿਆਰਥੀ ਨਾਲ ਸੰਬੰਧਿਤ ਹੈ, ਤਾਂ ਸੁਨਿਸ਼ਚਿਤ ਕਰੋ ਤੁਸੀਂ ਸ਼ਾਮਿਲ ਕਰਦੇ ਹੋ **(1)** ਵਿਦਿਆਰਥੀ ਦਾ ਨਾਮ ਅਤੇ ਪਤਾ, ਅਤੇ **(2)** ਸਕੂਲ ਅਤੇ ਸਕੂਲ ਜਿਲ੍ਹਾ, ਜਾਂ ਚਾਰਟਰ ਸਕੂਲ, ਵਿਦਿਆਰਥੀ ਦੀਆਂ ਹਾਜ਼ਰੀਆਂ|

**ਆਪਣੀ ਲਿਖਤੀ ਸ਼ਿਕਾਇਤ** ਆਫ਼ਿਸ ਆਫ਼ ਸੁਪਰਿਨਟੇਨਡੇਂਟ ਆਫ਼ ਪਬਲਿਕ ਇਨਸਟ੍ਰਕਸ਼ਨ ਵਿਖੇ ਇਕੁਇਟੀ ਅਤੇ ਸੀਵਿਲ ਅਧਿਕਾਰ ਦਫ਼ਤਰ ਨੂੰ ਭੇਜੋ|

ਈਮੇਲ: Equity@k12.wa.us | **Fax**: 360-664-2967

ਪੱਤਰ ਪਾਓ ਜਾਂ ਖੁਦ ਪਹੁੰਚਾਓ:

Equity and Civil Rights Office, Office of Superintendent of Public Instruction
PO Box 47200, 600 Washington St. S.E., Olympia, WA 98504-7200

**OSPI ਨੂੰ ਸ਼ਿਕਾਇਤ ਦਰਜ ਕਰਨ ਲਈ**

ਤੁਹਾਡੇ ਕੋਲ OSPI ਕੋਲ ਸ਼ਿਕਾਇਤ ਦਰਜ਼ ਕਰਨ ਲਈ ਜਿਲ੍ਹਾ ਜਾਂ ਚਾਰਟਰ ਸਕੂਲ ਤੋਂ ਆਪਣੀ ਅਪੀਲ ਦਾ ਫੈਸਲਾ ਪ੍ਰਾਪਤ ਕਰਨ ਦੇ ਦਿਨ ਤੋਂ **20 ਕਲੰਡਰ ਦਿਨ** ਹੁੰਦੇ ਹਨ – ਜਦ ਤੱਕ OSPI ਸਥਿਤੀਆਂ 'ਤੇ ਅਧਾਰਿਤ ਇਸ ਮਿਆਦ ਨੂੰ ਵਧਾ ਨਹੀਂ ਦਿੰਦਾ|

---

[5] WAC 392-190-075, http://apps.leg.wa.gov/wac/default.aspx?cite=392-190-065|

# ਝਗੜਾ ਹੱਲ

## ਚਰਨ 2| OSPI ਤੁਹਾਡੀ ਸ਼ਿਕਾਇਤ ਦਾ ਜਵਾਬ ਦਿੰਦਾ ਹੈ

OSPI ਵਿਖੇ ਸਟਾਫ਼ ਤੁਹਾਡੀ ਸ਼ਿਕਾਇਤ ਦੀ ਸਮੀਖਿਆ ਕਰਦਾ ਹੈ ਅਤੇ ਫੈਸਲਾ ਕਰਦਾ ਹੈ ਕਿ ਜਾਂਚ ਸ਼ੁਰੂ ਕਰਨੀ ਹੈ ਜਾਂ ਨਹੀਂ| ਜੇਕਰ OSPI ਸਟਾਫ਼ ਤੁਹਾਡੀ ਸ਼ਿਕਾਇਤ ਦੀ ਜਾਂਚ ਕਰਨ ਦਾ ਫੈਸਲਾ ਕਰਦਾ ਹੈ, ਤਾਂ ਉਹ ਤੁਹਾਨੂੰ ਅਤੇ ਜਿਲ੍ਹਾ ਜਾਂ ਚਾਰਟਰ ਸਕੂਲ ਨੂੰ ਲਿਖਤੀ ਸੂਚਨਾ ਭੇਜਣਗੇ|

> ਮਹੱਤਵਪੂਰਨ! ਇਸ ਸਮੇਂ, ਤੁਸੀਂ ਜਾਂਚ ਦੀ ਕਾਰਵਾਈ ਦੀ ਬਜਾਏ ਤੁਰੰਤ ਆਪਣੀ ਸ਼ਿਕਾਇਤ ਨੂੰ ਹੱਲ ਕਰਨ ਦਾ ਫੈਸਲਾ ਕਰ ਸਕਦੇ ਹੋ|

**OSPI ਜਾਂਚ ਨਹੀਂ ਕਰੇਗਾ ਜੇਕਰ ਤੁਹਾਡੀ ਸ਼ਿਕਾਇਤ:**

- ਜੇਕਰ ਅਧੂਰੀ ਹੈ ਜਾਂ 20-ਕਲੰਡਰ-ਦਿਨ ਦੀ ਮਿਆਦ ਦੇ ਬਾਅਦ ਪਹੁੰਚਦੀ ਹੈ
- ਸੀਵਿਲ ਅਧਿਕਾਰ ਕਾਨੂੰਨ ਦੀ ਉਲੰਘਣਾ ਦਾ ਦੋਸ਼ ਨਹੀਂ ਲਗਾਉਂਦੀ ਜੋ OSPI ਲਾਗੂ ਕਰਦਾ ਹੈ| ਇਸ ਜਾਣਕਾਰੀ ਲਈ ਇਕੁਇਟੀ ਅਤੇ ਸੀਵਿਲ ਅਧਿਕਾਰ ਦਫ਼ਤਰ ਨਾਲ ਸੰਪਰਕ ਕਰੋ: 360-725-6162 | equity@k12.wa.us
- ਸਥਾਨਕ ਸ਼ਿਕਾਇਤ ਅਤੇ ਅਪੀਲ ਵਿਧੀ ਦੁਆਰਾ ਜਿਲ੍ਹਾ ਜਾਂ ਚਾਰਟਰ ਸਕੂਲ ਦਾ ਧਿਆਨ ਨਹੀਂ ਖਿੱਚਿਆ|
- ਹੋਰ ਸਟੇਟ, ਫੈਡਰਲ, ਜਾਂ ਸਥਾਨਕ ਸੀਵਿਲ ਅਧਿਕਾਰ ਏਜੰਸੀ ਦੁਆਰਾ ਜਾਂਚ ਕੀਤੀ ਗਈ ਸੀ ਅਤੇ OSPI ਇੱਕ ਤੁੱਲ ਹੱਲ ਦੀ ਉਮੀਦ ਕਰਦਾ ਹੈ

ਜੇਕਰ OSPI ਸਟਾਫ਼ ਤੁਹਾਡੀ ਸ਼ਿਕਾਇਤ ਦੀ ਜਾਂਚ ਨਾ ਕਰਨ ਦਾ ਫੈਸਲਾ ਕਰਦਾ ਹੈ, ਤਾਂ OSPI ਇਸ ਫੈਸਲੇ ਦੀ ਵਿਆਖਿਆ ਕਰਦੀ ਇੱਕ ਲਿਖਤੀ ਸੂਚਨਾ ਭੇਜੇਗਾ|

**ਜਦੋਂ ਇੱਕ ਵਾਰ ਜਾਂਚ ਪੂਰੀ ਹੋ ਜਾਂਦੀ ਹੈ,** OSPI ਤੁਹਾਨੂੰ ਇੱਕ ਲਿਖਤੀ ਫੈਸਲਾ ਭੇਜੇਗਾ ਜੋ:

1. ਸ਼ਿਕਾਇਤ ਵਿੱਚ ਹਰ ਦੋਸ਼ੀ ਨੂੰ ਸੰਬੋਧਨ ਕਰਦੀ ਹੈ, ਅਤੇ
2. ਗੈਰ ਪਾਲਣਾ ਨੂੰ ਸਹੀ ਕਰਨ ਲਈ ਕੋਈ ਵੀ ਲੋੜੀਂਦੇ ਸਹੀ ਕਾਰਜਾਂ ਦੇ ਵੇਰਵੇ|

## ਸੰਬੰਧਿਤ ਸ਼ਿਕਾਇਤਾਂ ਅਤੇ ਮੁਕੱਦਮੇ

**ਸੰਬੰਧਿਤ ਸ਼ਿਕਾਇਤਾਂ ਅਤੇ ਮੁਕੱਦਮੇ** ਤੁਹਾਡੀ ਸ਼ਿਕਾਇਤ ਦੇ ਹੱਲ ਨੂੰ ਪ੍ਰਭਾਵਿਤ ਕਰ ਸਕਦੇ ਹਨ| ਸਕੂਲ ਜਿਲ੍ਹਾ, ਜਾਂ OSPI, ਇੰਤਜ਼ਾਰ ਕਰਨ ਦਾ ਫੈਸਲਾ ਕਰ ਸਕਦੇ ਹਨ ਜਦ ਤੱਕ ਪਹਿਲੀ ਸ਼ਿਕਾਇਤ ਹੱਲ ਨਹੀਂ ਹੁੰਦੀ ਜਾਂ ਸਟਾਫ਼ ਦੁਆਰਾ ਤੁਹਾਡੀ ਹਾਲ ਹੀ ਦੀ ਸ਼ਿਕਾਇਤ ਲਈ ਲਿਖਤੀ ਜਵਾਬ ਤੋਂ ਪਹਿਲਾਂ ਮੁਕੱਦਮੇ ਵਿੱਚ ਅੰਤਿਮ ਫੈਸਲਾ ਨਹੀਂ ਹੁੰਦਾ|

## ਹੋਰ ਭੇਦਭਾਵ ਸ਼ਿਕਾਇਤ ਵਿਕਲਪ

**ਆਫਿਸ ਫ਼ਾਰ ਸੀਵਿਲ ਰਾਈਟਸ (OCR, ਯੂ.ਐਸ .** ਸਿਖਿਅਕ ਵਿਭਾਗ

OCR ਬਹੁਤ ਸਾਰੇ ਫੈਡਰਲ ਸੀਵਿਲ ਅਧਿਕਾਰ ਕਾਨੂੰਨ ਲਾਗੂ ਕਰਦਾ ਹੈ, ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਅਪਾਹਜਤਾ, ਅਤੇ ਉਮਰ ਦੇ ਅਧਾਰ 'ਤੇ ਪਬਲਿਕ ਸਕੂਲਾਂ ਵਿੱਚ ਭੇਦਭਾਵ ਤੋਂ ਵਰਜਿਤ ਕਰਦਾ ਹੈ| ਦੋਸ਼ੀ ਭੇਦਭਾਵ ਦੀ ਮਿਤੀ ਦੇ 180 ਕਲੰਡਰ ਦਿਨਾਂ ਦੇ ਅੰਦਰ OCR ਕੋਲ ਸ਼ਿਕਾਇਤ ਦਰਜ਼ ਕਰਵਾਓ|

206-607-1600 | TDD: 1-800-877-8339 | OCR.Seattle@ed.gov | www.ed.gov/ocr

# ਝਗੜਾ ਹੱਲ

**ਵਾਸ਼ਿੰਗਟਨ ਸਟੇਟ ਹਿਊਮੈਨ ਰਾਈਟਸ ਕਮਿਸ਼ਨ (WSHRC)**

WSHRC ਭੇਦਭਾਵ ਦੇ ਵਿਰੁੱਧ ਵਾਸ਼ਿੰਗਟਨ ਕਾਨੂੰਨ (RCW 49.60) ਲਾਗੂ ਕਰਦਾ ਹੈ, ਜੋ ਰੁਜਗਾਰ ਵਿੱਚ ਅਤੇ ਸਕੂਲਾਂ ਸਹਿਤ ਜਨਤਕ ਅਨੁਕੂਲਤਾ ਦੀ ਜਗ੍ਹਾਵਾਂ ਵਿੱਚ ਭੇਦਭਾਵ ਨੂੰ ਵਰਜਿਤ ਕਰਦਾ ਹੈ| ਦੋਸ਼ੀ ਭੇਦਭਾਵ ਦੀ ਮਿਤੀ ਦੇ ਛੇ ਮਹੀਨਿਆਂ ਅੰਦਰ WSHRC ਕੋਲ ਸ਼ਿਕਾਇਤ ਦਰਜ਼ ਕਰਵਾਓ|

1-800-233-3247 | TTY: 1-800-300-7525 | www.hum.wa.gov

**ਯੂ.ਐਸ .** ਨਿਆਂ ਵਿਭਾਗ (DOJ, )ਸਿਖਿਅਕ ਮੌਕਾ ਸੈਕਸ਼ਨ

DOJ ਫੈਡਰਲ ਅਧਿਕਾਰ ਕਾਨੂੰਨ ਲਾਗੂ ਕਰਦਾ ਹੈ ਜੋ OCR ਬਹੁਤ ਸਾਰੇ ਫੈਡਰਲ ਸੀਵਿਲ ਅਧਿਕਾਰ ਕਾਨੂੰਨ ਲਾਗੂ ਕਰਦਾ ਹੈ, ਜੋ ਪਬਲਿਕ ਸਕੂਲਾਂ ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਅਪਾਹਜਤਾ, ਅਤੇ ਉਮਰ ਦੇ ਅਧਾਰ 'ਤੇ ਪਬਲਿਕ ਸਕੂਲਾਂ ਵਿੱਚ ਭੇਦਭਾਵ ਤੋਂ ਵਰਜਿਤ ਕਰਦਾ ਹੈ|

1-877-292-3804 | TTY: 202-514-0716 | education@usdoj.gov | www.justice.gov/crt/about/edu/

## ਖਾਸ ਸਿਖਿਆ, ਅਧਿਆਪਕ, ਅਤੇ ਫੈਡਰਲ ਪ੍ਰੋਗਰਾਮਾਂ ਸੰਬੰਧੀ ਸ਼ਿਕਾਇਤਾਂ

**ਖਾਸ ਸਿਖਿਆ ਝਗੜਾ ਹੱਲ ਵਿਕਲਪ**

ਜੇਕਰ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਸਕੂਲ ਜਿਲ੍ਹਾ ਵਿਦਿਆਰਥੀ ਦੇ ਵਿਅਕਤੀਗਤ ਸਿਖਿਆ ਪ੍ਰੋਗਰਾਮ (IEP) ਵਿੱਚ ਪਛਾਣੀ ਸੇਵਾ ਪ੍ਰਦਾਨ ਕਰਨ ਲਈ ਅਸਫਲ ਹੋਇਆ ਹੈ, ਨੇ ਤੁਹਾਡੇ ਵਿਦਿਆਰਥੀ ਨੂੰ ਮੁਫ਼ਤ ਉਚਿਤ ਪਬਲਿਕ ਸਿਖਿਆ ਤੋਂ ਵੰਚਿਤ ਕੀਤਾ ਹੈ, ਜਾਂ ਖਾਸ ਸਿਖਿਆ ਸੰਬੰਧੀ ਕੋਈ ਵੀ ਹੋਰ ਰਾਜ ਜਾਂ ਫੈਡਰਲ ਲੋੜਾਂ ਨੂੰ ਪੂਰਾ ਨਹੀਂ ਕੀਤਾ, ਤਾਂ ਤੁਸੀਂ ਇੱਕ ਰਸਮੀ ਸ਼ਿਕਾਇਤ ਦਰਜ਼ ਕਰਵਾ ਸਕਦੇ ਹੋ ਜਾਂ ਰਹਿੰਦੀ ਵਿਧੀ ਦੀ ਸੁਣਵਾਈ ਦੀ ਬੇਨਤੀ ਕਰ ਸਕਦੇ ਹੋ|

360-725-6075 | TTY: 360-586-0126 | www.k12.wa.us/SpecialEd/Families/Complaints.aspx

**ਅਧਿਆਪਕਾਂ ਅਤੇ ਪ੍ਰਮਾਣਿਤ ਸਿਖਿਅਕਾਂ ਬਾਰੇ ਸ਼ਿਕਾਇਤਾਂ**

ਤੁਸੀਂ ਖਾਸ ਸ਼ਿਕਾਇਤ ਵਿਧੀ ਦੀ ਵਰਤੋਂ ਕਰ ਸਕਦੇ ਹੋ ਦੋਸ਼ੀ ਲਈ ਜੋ ਇੱਕ ਸਰਟੀਫਿਕੇਟ ਵਾਲਾ ਕਰਮਚਾਰੀ ਗੈਰ-ਪੇਸ਼ੇਵਰ ਵਤੀਰੇ ਦੇ ਕਾਰਜ ਨਾਲ ਜਾਂ ਚੰਗੇ ਨੈਤਿਕ ਆਚਰਨ ਜਾਂ ਨਿੱਜੀ ਫਿੱਟਨੈਸ ਨਾਲ ਪਾਬੰਦ ਹੈ

360-725-6130 | TTY: 360-664-3631 | opp@k12.wa.us | www.k12.wa.us/ProfPractices

**ਫੈਡਰਲ ਪ੍ਰੋਗਰਾਮ ਨਾਗਰਿਕਤਾ ਸ਼ਿਕਾਇਤ**

ਇੱਕ ਖਾਸ ਸ਼ਿਕਾਇਤ ਵਿਧੀ ਦੋਸ਼ਾਂ ਲਈ ਲਾਗੂ ਹੁੰਦੀ ਹੈ ਜਿਸਨੇ ਇੱਕ ਸਕੂਲ ਜਿਲ੍ਹੇ ਜਾਂ OSPI ਸਟੇਟ ਜਾਂ ਫੈਡਰਲ ਕਾਨੂੰਨ ਜਾਂ ਨਿਯਮ ਦੀ ਉਲੰਘਣਾ ਕੀਤੀ ਜੋ ਐਲੀਮੈਂਟਰੀ ਅਤੇ ਸਕੈਂਡਰੀ ਸਿਖਿਆ ਐਕਟ ਦੇ ਤਹਿਤ ਫੈਡਰਲ ਪ੍ਰੋਗਰਾਮ ਲਈ ਲਾਗੂ ਹੁੰਦੀ ਹੈ|

360-725-6100 | TTY: 360-664-3631 | www.k12.wa.us/TitleI/CitizenComplaint.aspx

# ਝਗੜਾ ਹੱਲ

## ਹੋਰ ਸਿੱਖੋ| ਸਵਾਲ ਪੁੱਛੋ| ਮਦਦ ਪ੍ਰਾਪਤ ਕਰੋ|

**ਸੁਪ੍ਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰੱਕਸ਼ਨ ਦੇ ਦਫ਼ਤਰ ਵਿਖੇ ਈਕੁਈਟੀ ਅਤੇ ਸੀਵਿਲ ਅਧਿਕਾਰ ਦਫ਼ਤਰ**

360-725-6162 | TTY: 360-664-3631 | equity@k12.wa.us | www.k12.wa.us/equity

**ਆਪਣੇ ਜਿਲ੍ਹੇ ਵਿੱਚ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਲਈ, ਦੌਰਾ ਕਰੋ:**

www.k12.wa.us/Equity/ContactList.aspx

ਭੇਦਭਾਵ ਅਤੇ ਪਰੇਸ਼ਾਨੀ, ਜਿਲ੍ਹਾ ਪਾਲਿਸੀ ਅਤੇ ਅਭਿਆਸ ਲਈ ਸੇਧਾਂ, ਅਤੇ ਸੰਬੰਧਿਤ ਸਰੋਤਾਂ ਬਾਰੇ ਹੋਰ ਜਾਣਕਾਰੀ ਲਈ, www.k12.wa.us/Equity|

ਇਹ ਦਸਤਾਵੇਜ਼ ਰਾਜ ਅਤੇ ਫੈਡਰਲ ਸੀਵਿਲ ਅਧਿਕਾਰ ਕਾਨੂੰਨ ਦੇ ਤਹਿਤ ਅਧਿਕਾਰ ਅਤੇ ਜ਼ਿੰਮੇਵਾਰੀਆਂ ਦੀ ਰੂਪਰੇਖਾ ਤਿਆਰ ਕਰਦਾ ਹੈ| ਹੋਰ ਕਾਨੂੰਨਾਂ ਦੇ ਤਹਿਤ ਤੁਹਾਡੇ ਕੋਲ ਹੋਰ ਅਧਿਕਾਰ ਹਨ| ਇਹ ਜਾਣਕਾਰੀ ਕੇਵਲ ਸੂਚਨਾਤਮਕ ਉਦੇਸ਼ ਲਈ ਹੈ – ਨਾ ਕਿ ਕਾਨੂੰਨੀ ਸਲਾਹ ਪ੍ਰਦਾਨ ਕਰਨ ਲਈ| ਤੁਹਾਡੇ ਵਿਅਕਤੀਗਤ ਹਾਲਾਤ ਦੇ ਤੱਥਾਂ ਅਤੇ ਪਰਿਸਥਿਤੀਆਂ ਲਈ ਨਿਰਧਾਰਿਤ ਕਾਨੂੰਨੀ ਸਲਾਹ ਲਈ, ਕਿਰਪਾ ਕਰਕੇ ਵਕੀਲ ਨਾਲ ਸੰਪਰਕ ਕਰੋ|

*OSPI* ਚਰੂੰਗ, ਨ□ਰ, ਧਯਭ, ਯੂੰਗ, ਯਾਸ਼ਟਯੀ ਭੂਰ, ਉਭਯ, □ਚਤਕਾਯ ਨਾਰ ਚਡ□ ਾਯਜ □ਾਫਕਾ ਪ□ਜੀ ਦਾ ਜਾਂ ਚਭਰਟਯੀ ਦਾ ਦਯਜਾ, ਚਰੂੰਗੀ □ਰਗਟਾਅ ਜਾਂ □ਛਾਣ □ਭ□ਤ ਚਜਨ□ੀ ਚਦਰ □□ੀ, ਚਕ□□ ਵੀ □ੂੰਵ□ਦੀ, ਭਾਨਚ□ਕ ਜਾ □ਯੀਯਕ ਅ□ਭਯਥਤਾ ਦੀ ਭ□ਜੂਦਗੀ, ਜਾਂ ਅ□ਭਯਥਾ ਵਾਰ□ ਚਵਅਕਤੀ ਦੁਆਯਾ ਚ□ਖਰਾਈ □ਰਾ□ਤ ਕੁੱਤਾ ਗਾਈਡ ਜਾਂ □□ਵਾ ਜਾਨਵਯ ਦੀ ਵਯਤੋਂ ਦ□ ਅਧਾਯ 'ਤ□ ਚਕ□□ ਚਵਤਕਯ□ ਦ□ ਚਫਨਾਂ □ਾਯ□ □ਰ□ਗਯਾਭਾਂ ਅਤ□ □□ਵਾਵਾਂ ਤਕ ਫਯਾਫਯ □ਸੂੰ ਭਸੁੱਈਆ ਕਯਦਾ ਸ□। ਕਚਥਤ ਚਵਤਕਯ□ ਫਾਯ□ □ਰਸ਼ਨ ਜਾਂ ਚਸ਼ਕਾਇਤਾਂ ਇਕਵ□ਚਰਟੀ ਐਂਡ ਚ□ਚਵਰ ਯਾਈਟ□ ਡਾਇਯ□ਕਟਯ ਨੂੂੰ (360) 725-6162 'ਤ□ ਜਾਂ *P.O. Box* 47200; *Olympia, WA* 98504 ਤ□ ਬ□ਜੀਆਂ ਜਾ □ਕਦੀਆਂ ਸਨ।